ਦੂਜੀ ਘਟਨਾ ਹੈ ਚੋਣਾ ਤੋਂ ਮਹੀਨਾ ਕੁ ਪਹਿਲਾਂ ਕਾਂਗਰਸ ਛੱਡਕੇ ਭਾਜਪਾ ਵਿਚ ਸ਼ਾਮਿਲ ਹੋਏ ਅਤੇ ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਵਜੋਂ ਬੁਰੀ ਤਰਾਂ ਹਾਰਨ ਵਾਲੇ ਰਵਨੀਤ ਬਿੱਟੂ ਨੂੰ ਕੇਂਦਰ ਵਿਚ ਮੰਤਰੀ ਬਣਾਏ ਜਾਣਾ ।ਕਲਨੀਤ ਬਿੱਟੂ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦਾ ਪੋਤਾ ਹੈ।ਮਰਹੂਮ ਬੇਅੰਤ ਸਿੰਘ ਨੇ ਆਪਣੇ ਮੁੱਖ ਮੰਤਰੀ ਕਾਲ ਦੌਰਾਨ ਹਜਾਰਾਂ ਨੌਜਵਾਨਾਂ ਕਥਿਤ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਕੇ ਸੂਬੇ ਵਿਚ ਖੂਨੀ ਹਨੇਰੀ ਚਲਾਈ ਸੀ ।ਰਵਨੀਤ ਸਿੰਘ ਬਿੱਟੂ ਉਸੇ ਬੇਅੰਤ ਸਿੰਘ ਦਾ ਪੋਤਾ ਹੈ ।ਬਿੱਟੂ ਨੂੰ ਮੰਤਰੀ ਬਣਾਉਣ ਪਿੱਛੇ ਵੀ ਪੰਜਾਬ ਦੇ ਹਾਲਾਤ ਖਰਾਬ ਕਰਨ ਵਾਸਤੇ ਇਕ ਡੂੰਘੀ ਸ਼ਾਜਿਸ਼ ਹੀ ਜਾਪਦੀ ਹੈ ।ਸੂਤਰਾਂ ਦੀ ਜਾਣਕਾਰੀ ਮੁਤਾਬਿਕ ਰਵਨੀਤ ਬਿੱਟੂ ਨੇ ਕਾਂਗਰਸ ਪਾਰਟੀ ਇਸ ਕਰਕੇ ਹੀ ਛੱਡੀ ਕਿ ਉਸ ਉੱਤੇ ਰਾਹੁਲ ਗਾਂਧੀ ਵਲੋ ਉਸ ਨੂੰ ਮਨਾਉਣ ਦਾ ਦਬਾਅ ਪਾਇਆ ਜਾ ਰਿਹਾ ਸੀ ਕਿ ਬੰਦੀ ਕੈਦੀ ਰਿਹਾ ਕਰ ਦਿੱਤੇ ਜਾਣ ਤਾਂ ਕਿ ਪੰਜਾਬ ਦਾ ਮਾਹੌਲ ਸ਼ਾਂਤ ਹੋ ਸਕੇ, ਪਰ ਰਵਨੀਤ ਬਿੱਟੂ ਨੇ ਅਮਿਤ ਸ਼ਾਹ ਨਾਲ ਆੜੀ ਗੰਢਕੇ ਉਸ ਦੀ ਮਾਰਫਤ ਅਜਿਹਾ ਨਹੀਂ ਹੋਣ ਦਿੱਤਾ ।ਯਾਦ ਰਹੇ ਕਿ ਬੰਦੀ ਕੈਦੀਆਂ ਦੀ ਰਿਹਾਈ ਸਬੰਧੀ ਜਦੋਂ ਅਕਾਲੀ ਐਮ ਪੀ ਹਰਸਿਮਰਤ ਕੌਰ ਬਾਦਲ ਨੇ ਜਦੋਂ ਇਹ ਮੁੱਦਾ ਦੇਸ਼ ਦੀ ਪਾਰਲੀਮੈਂਟ ਵਿਚ ਉਠਾਇਆ ਸੀ ਤਾਂ ਹੋਮ ਮਨਿਸਟਰ ਅਮਿਤ ਸ਼ਾਹ ਮੇ ਉਸ ਨੂੰ ਕਹਿੰਦਿਆਂ ਇਨਕਾਰ ਕਰਕੇ ਬੈਠਣ ਦਾ ਇਸ਼ਾਰਾ ਕਰ ਦਿੱਤਾ ਸੀ ਕਿ ਜਿੰਨਾ ਚਿਰ ਮੁਜਰਮ ਆਪਣੀ ਗਲਤੀ ਤਸਲੀਮ ਕਰਕੇ ਉਸ 'ਤੇ ਪਛਤਾਵਾ ਨਹੀਂ ਕਰਦੇ ਉਨਾਂ ਚਿਰ ਰਿਹਾਈ ਸਬੰਧੀ ਕੋਈ ਕਾਰਵਾਈ ਨਹੀ ਕੀਤੀ ਜਾ ਸਕਦੀ ।

ਪੰਜਾਬ ਦੇ ਲੋਕਾਂ ਨੇ ਹਾਲੀਆ ਲੋਕ ਸਭਾ ਚੋਣਾ ਵਿਚ ਭਾਜਪਾ ਨੂੰ ਪੰਜਾਬ ਵਿਚ ਬਹੁਤ ਬੁਰੀ ਤਰਾਂ ਨਕਾਰਿਆ ਹੈ ।ਇਹ ਹਾਰ ਭਾਜਪਾ ਨੂੰ ਛੇਤੀ ਕੀਤੇ ਹਜਮ ਹੋਣ ਵਾਲੀ ਨਹੀਂ ।ਪੰਜਾਬ ਵਿਚਲੀ ਆਮ ਆਦਮੀ ਦੀ ਸਰਕਾਰ ਬਾਰੇ ਅਮਿਤ ਸ਼ਾਹ ਆਪਣੀ ਪੰਜਾਬ ਵਿਚਲੀ ਚੋਣ ਪ੍ਰਚਾਰ ਫੇਰੀ ਬਾਰੇ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਕੇਂਦਰ ਵਿਚ ਭਾਜਪਾ ਦੀ ਨਵੀਂ ਸਰਕਾਰ ਬਣਨ 'ਤੇ ਉਹ ਦੇਖੇਗਾ ਕਿ ਇਹ ਸਰਕਾਰ ਹੋਰ ਕਿੰਨਾ ਕੁ ਚਿਰ ਚਲਦੀ ਹੈ ।

ਚੋਣ ਪ੍ਰਚਾਰ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਰਵਨੀਤ ਬਿੱਟੂ ਨੂੰ ਗਦਾਰ ਦੱਸਦਿਆ ਉਸ ਨੂੰ ਚੋਣਾ ਦੌਰਾਨ ਸਬਕ ਸਿਖਾਉਣ ਦਾ ਜੋ ਬਿਆਨ ਦਿੱਤਾ ਸੀ, ਰਵਨੀਤ ਬਿੱਟੂ ਨੂੰ ਮੰਤਰੀ ਨਾਮਜਦ ਕਰਕੇ ਭਾਜਪਾ ਨੇ ਪੰਜਾਬ ਕਾਂਗਰਸ ਨੂੰ ਉਸ ਦਾ ਕਰਾਰਾ ਜਵਾਬ ਦਿੱਤਾ ਹੈ , ਜਿਸ ਦਾ ਅਰਥ ਇਹ ਵੀ ਬਣਦਾ ਹੈ ਕਿ ਪੰਜਾਬ ਰਾਜਨੀਤਕ ਤਲਖ਼ੀ ਭਵਿੱਖ ਵਿਚ ਹੋਰ ਵਧਣ ਵਾਲੀ ਹੈ ।

ਅਸੀਂ ਆਏ ਦਿਨ ਪੰਜਾਬ ਦੇ ਰਾਜਪਾਲ ਤੇ ਮੁੱਖ ਮੰਤਰੀ ਵਿਚਕਾਰ ਇੱਟ ਖੜੱਕਾ ਹੁੰਦਾ ਅਕਸਰ ਹੀ ਦੇਖਦੇ ਸੁਣਦੇ ਰਹਿੰਦੇ ਹਾਂ ।ਇਸ ਤੋਂ ਵੀ ਹੋਰ ਅੱਗੇ, ਜਲਦੀ ਹੀ ਪੰਜਾਬ ਵਿਚਲੀਆਂ ਖਾਲੀ ਹੋਈਆ ਪੰਜ ਵਿਧਾਨ ਸਭਾ ਸੀਟਾਂ 'ਤੇ ਦੁਬਾਰਾ ਚੋਣ ਵਿਗਲ ਵੀ ਵੱਜਣ ਵਾਲਾ ਹੈ ।ਇਸ ਦੇ ਨਾਲ ਪੰਜਾਬ ਵਿਚ ਨਸ਼ੇ ਦਾ ਮੁੱਦਾ ਇਕ ਵਾਰ ਫੇਰ ਮੁੜ ਤੋਂ ਉਠਾਇਆ ਜਾ ਰਿਹਾ ਹੈ ।ਸੋ ਜੇਕਰ ਦੇਖਿਆ ਜਾਵੇ ਤਾਂ ਪੰਜਾਬ ਵਿਚ ਜੋ ਰਾਜਨੀਤਿਕ ਸਿਨਾਰੀਓ ਬਣਦਾ ਜਾਂ ਕਹਿ ਲਓ ਕਿ ਬਣਾਇਆ ਜਾ ਰਿਹਾ ਹੈ , ਜਿਸ ਢੰਗ ਨਾਲ ਭਾਜਪਾ ਆਗੂਆਂ ਦੀਆਂ ਸਟੇਟਮੈਂਟਾਂ ਆ ਰਹੀਆਂ ਹਨ ਤੇ ਜਿਸ ਪ੍ਰਕਾਰ ਪੰਜਾਬ ਦੇ ਹਾਰੇ ਉਮੀਦਵਾਰ ਰਵਨੀਤ ਬਿੱਟੂ ਨੂੰ ਲੋਕ ਫਤਵੇ ਦੇ ਵਿਰੁੱਧ ਜਾ ਕੇ ਉਸ ਨੂੰ ਕੇਂਦਰੀ ਮੰਤਰੀ ਦਾ ਆਹੁਦਾ ਦਿੱਤਾ ਜਾ ਰਿਹਾ ਹੈ, ਰੱਬ ਖੈਰ ਈ ਖਰੇ ।

ਇਥੇ ਦੱਸਣਾ ਬਣਦਾ ਹੈ ਕਿ ਹੁਣਵੀਆ ਲੋਕ ਸਭਾ ਚੋਣਾ ਦੌਰਾਨ ਭਾਜਪਾ ਵਲੋਂ ਖੇਡੇ ਗਏ ਫਿਰਕੂ ਪੱਤੇ ਨੂੰ ਬੱਸ਼ੱਕ ਦੇਸ਼ ਦੀ ਜਨਤਾ ਮੇ ਬੁਰੀ ਤਰਾਂ ਨਕਾਰ ਦਿੱਤਾ, ਪਰ ਤਦ ਵੀ ਇਸ਼ ਪਾਰਟੀ ਦੀ ਸੋਚ ਏਹੀ ਹੈ ਕਿ ਇਹ ਪਾਰਟੀ ਪੰਜਾਬ ਵਿਚ ਇਸੇ ਤਰਾਂ ਦਾ ਕੋਈ ਨਵਾਂ ਪੁਰਾਣਾ ਵਿਵਾਦ ਦੁਬਾਰਾ ਛੇੜ ਕੇ ਸਿਆਸੀ ਰੋਟੀਆਂ ਸੇਕਣ ਲਈ , ਰਾਜ ਦੀ ਸ਼ਾਂਤੀ ਭੰਗ ਕਰ ਸਕਦੀ ਹੈ ।ਸੋ ਇਸ ਵੇਲੇ ਪੰਜਾਬ ਵਾਸੀਆਂ ਨੂੰ ਬਹੁਤ ਚੌਕੰਨੇ ਰਹਿਣ ਦੇ ਨਾਲ ਨਾਲ ਬਹੁਤ ਸੋਚ ਵਿਚਾਰ ਕੇ ਚੱਲਣ ਦੀ ਸਖਤ ਲੋੜ ਹੈ।

### ਖਾਲਸਾ ਕਾਲਜ ਫ਼ਾਰ ਵੂਮੇਨ ਦੀ ਦਮਨਪ੍ਰੀਤ ਕੌਰ ਅਵੱਲ

# ਡੀਕੇਥਲੋਂਨ ਵੱਲੋਂ ਵਿਸ਼ਵ ਸਾਈਕਲ ਮੌਕੇ ਕਰਵਾਇਆ ਮੁਕਾਬਲਾ




**ਮਹਿਤਾ ਚੌਕ, 9 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਡੀਕੇਥਲੋਂਨ ਵੱਲੋਂ ਵਿਸ਼ਵ ਸਾਈਕਲ ਦਿਵਸ ਮੌਕੇ ਸਵੇਰੇ 5 ਵਜੇ ਇੰਡੀਆ ਗੇਟ ਨਰੈਣਗੜ ਤੋਂ ਸ਼ੁਰੂ ਕਰਕੇ ਡੀਕੇਥਲੋਂਨ ਤੱਕ 15 ਕਿੱਲੋਮੀਟਰ ਦਾ ਰੋਡ ਸਾਈਕਲ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਸਾਈਕਲਿੰਗ ਕੋਚ (ਰਾਜੇਸ਼ ਕੋਸ਼ਿਕ, ਸਿਮਰਨਜੀਤ ਸਿੰਘ, ਭੁਪਿੰਦਰ ਕੁਮਾਰ) ਦੀ ਲਾਡਲੀ ਸਾਗਿਰਦ ਅਤੇ ਵਿਸ਼ਵ ਪ੍ਰਸਿੱਧ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਬੰਧ ਅਧੀਨ ਖਾਲਸਾ ਕਾਲਜ ਫਾਰ ਵਿਮੈਨ ਵਿਖੇ (ਬੀਏ ਭਾਗ ਪਹਿਲਾ) ਦੀ ਹੋਣਹਾਰ ਵਿਦਿਆਰਥਣ ਕੌਮੀ ਸਾਈਕਲਿੰਗ ਖਿਡਾਰਨ ਦਮਨਪ੍ਰੀਤ ਕੌਰ ਨੇ ਸੀਨੀਅਰ ਵਰਗ ਵਿੱਚ ਸ਼ਾਨਦਾਰ ਤੇ ਬੇਹਤਰੀਂਨ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਭਵਿੱਖ ਦੀ ਮਿਸਾਲੀ ਖਿਡਾਰਨ ਹੋਣ ਦਾ ਸਬੂਤ ਦਿੱਤਾ ਹੈ। ਜਿਕਰਯੋਗ ਹੈ ਕਿ ਦਮਨਪ੍ਰੀਤ ਕੌਰ ਨੇ ਪੰਜਾਬ ਸਕੂਲ ਖੇਡਾਂ ਵਿੱਚ ਤਿੰਨ ਗੋਲਡ,ਇੱਕ ਸਿਲਵਰ, ਜੂਨੀਅਰ ਪੰਜਾਬ ਖੇਡਾਂ ਵਿੱਚ ਇੱਕ ਸਿਲਵਰ, ਇੱਕ ਕਾਂਸੇ, ਨਾਰਥ ਜ਼ੋਨ ਵਿਮੈਨ ਟਰੈਕ ਸਾਈਕਲਿੰਗ ਲੀਗ 'ਕਾਂਸੇ ਦਾ ਮੈਡਲ ਪ੍ਰਾਪਤ ਕੀਤਾ ਅਤੇ ਪਿੱਛਲੇ ਦਿਨੀ ਖੇਲੋ ਇੰਡੀਆ ਵਿਮੈਨ ਨੈਸ਼ਨਲ ਟਰੈਕ ਸਾਈਕਲਿੰਗ ਲੀਗ ਦੇ ਦੌਰਾਨ ਵੱਖ ਵੱਖ ਰਾਜਾਂ ਦੀਆਂ ਚੋਟੀ ਦੀਆਂ ਸਾਈਕਲਿੰਗ ਖਿਡਾਰਨਾ ਨੇ ਹਿੱਸਾ ਲੈ ਕੇ ਆਪਣੇ ਸ਼ਾਨਦਾਰ ਤੇ ਬੇਹਤਰੀਨ ਖੇਡ ਫੰਨ ਦਾ ਮੁਜ਼ਾਹਰਾ ਕਰਦਿਆਂ ਆਪਣੀ ਖੇਡ ਸ਼ੈਲੀ ਦਾ ਲੋਹਾ ਮਨਵਾਇਆ।ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਪ੍ਰਸਿੱਧ ਖੇਡ ਪ੍ਰਮੋਟਰ ਤੇ ਸਮਾਜ ਸੇਵਕ) ਨੇ ਵਧੇਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਮਨਪ੍ਰੀਤ ਕੌਰ ਨੇ ਅਨੁਸ਼ਾਸ਼ਨ ਦੇ ਨਾਲ ਨਾਲ ਕਾਇਦੇ ਕਾਨੂੰਨ ਦੇ ਪੈਮਾਨੇ ਤਹਿਤ ਪ੍ਰਦਰਸ਼ਨ ਕੀਤਾ ਜਿਸ ਦੀ ਸਮੇਤ ਪ੍ਰਬੰਧਕਾਂ ਤੇ ਹੋਰਨਾ ਦੇ ਵੱਲੋਂ ਦਿਲ ਦੇ ਪੈਮਾਨੇ ਤੋੜ ਪ੍ਰਸ਼ੰਸ਼ਾ ਕੀਤੀ ਗਈ। ਇਸ ਖ਼ਿਡਾਰਣ ਨੇ ਜ਼ਿਲ੍ਹਾ ਅਤੇ ਰਾਜ ਪੱਧਰ ਦੇ ਖੇਡ ਮੁਕਾਬਲਿਆਂ ਦੇ ਵਿੱਚ ਕਈ ਵੱਕਾਰੀ ਐਵਾਰਡ, ਮੈਡਲ ਤੇ ਪ੍ਰਸ਼ੰਸ਼ਾ ਪੱਤਰ ਆਪਣੀ ਝੋਲੀ ਵਿੱਚ ਪੁਵਾ ਚੁੱਕੀ ਹੈ ਅਤੇ ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ, ਕਈ ਵਿੱਦਿਅਕ ਅਤੇ ਖ਼ੇਡ ਸੰਸਥਾਵਾਂ ਵੱਲੋਂ ਸਨਮਾਨ ਮਿਲ ਚੁੱਕਾ ਹੈ। ਆਖ਼ਿਰ ਵਿੱਚ ਦਮਨਪ੍ਰੀਤ ਕੌਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਪਰੋਕਤ ਖੇਡ ਪ੍ਰਤੀਯੋਗਤਾ ਦੇ ਵਿੱਚ ਉਹ ਸਿਰਫ ਤੇ ਸਿਰਫ ਆਪਣੇ ਆਪ ਨੂੰ ਨਾਪਣ ਤੇ ਤੋਲਣ ਦੇ ਲਈ ਸ਼ਮੂਲੀਅਤ ਕਰਨ ਗਈ ਸੀ 9 ਆਉਣ ਵਾਲੇ ਸਮੇਂ ਦੌਰਾਨ ਉਹ ਪੰਜਾਬ ਦੇ ਵੱਲੋਂ ਸ਼ਾਨਦਾਰ ਤੇ ਬੇਹਤਰ ਪ੍ਰਦਰਸ਼ਨ ਕਰਨ ਦੇ ਸਮਰੱਥ ਹੋ ਜਾਵੇਗੀ ।ਦਮਨਪ੍ਰੀਤ ਦੇ ਵਧੀਆ ਪ੍ਰਦਰਸ਼ਨ ਨੂੰ ਲੈ ਕੇ ਕਾਲਜ ਪ੍ਰਿੰਸੀਪਲ ਡਾਕਟਰ ਸੁਰਿੰਦਰ ਕੌਰ, ਵਾਇਸ ਪ੍ਰਿੰਸੀਪਲ ਪ੍ਰੋਫੇਸਰ ਰਵਿੰਦਰ ਕੌਰ, ਖ਼ੇਡ ਮੁੱਖੀ ਪੂਜਾ,ਜ਼ਿਲ੍ਹਾ ਐਸੋਸੀਏਸ਼ਨ ਦੇ ਸਕੱਤਰ ਤੇ ਕੌਮਾਂਤਰੀ ਖਿਡਾਰੀ ਸੀਆਈਟੀ ਰੇਲਵੇ (ਰਿਟਾ) ਬਾਵਾ ਸਿੰਘ ਸੰਧੂ ਭੋਮਾ ਕੋਚ ਦੇ ਵੱਲੋਂ ਖਿਡਾਰਨ ਤੇ ਮਾਂਪਿਆ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਹੋਰ ਵੀ ਸ਼ਾਨਦਾਰ ਪ੍ਰਦਰਸ਼ਨ ਦੇ ਲਈ ਸ਼ੁੱਭ ਇਛਾਵਾਂ ਦਿੱਤੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਜਿਤਾਉਣ ਲਈ ਵੋਟਰਾਂ ਦਾ ਧੰਨਵਾਦ: ਸਤਿਕਾਰ ਕਮੇਟੀ ਬੀ.ਸੀ ਕੈਨੇਡਾ



**ਨਵੀਂ ਦਿੱਲੀ 10 ਜੂਨ (ਮਨਪ੍ਰੀਤ ਸਿੰਘ ਖਾਲਸਾ)**:- ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਅਜ਼ਾਦ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਦੀ ਜਿੱਤ ਦੇ ਹੱਕ ਵਿੱਚ ਜਿਨਾਂ ਨੇ ਕਿ ਸਾਰੀ ਸਿੱਖ ਕੌਮ, ਪੰਜਾਬੀ ਭਾਈਚਾਰੇ ਨੂੰ ਖੁਸ਼ੀਆਂ ਬਖਸ਼ੀਆਂ ਹਨ, ਵਧਾਈ ਦੇ ਪਾਤਰ ਹਨ ਬਹੁਤ ਹੀ ਸਤਿਕਾਰਯੋਗ ਭੈਣ ਜੀ ਬੀਬੀ ਪ੍ਰਮਜੀਤ ਕੌਰ ਖਾਲਤਾ ਅਤੇ ਸਾਡੇ ਬਹੁਤ ਆਦਰਯੋਗ ਮਹਾਂਪੁਰਸ਼ ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲੇ ਤੇ ਸਮੂਹ ਮਹਾਂਪੁਰਸ਼ ਜਿੰਨਾਂ ਨੇ ਕਿ ਅੱਗੇ ਆਕੇ ਪੰਥਕ ਮੋਰਚਾ ਸੰਭਾਲਿਆ।ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਅਤੇ ਭਾਈ ਸਰਬਜੀਤ ਸਿੰਘ ਖਾਲਸਾ ਦੇ ਪ੍ਰੀਵਾਰਾਂ ਤੇ ਸਮੂੰਹ ਸਹਿਯੋਗੀ ਭਾਈਚਾਰੇ ਨੂੰ ਸਤਿਕਾਰ ਕਮੇਟੀ ਅਤੇ ਸਮੂੰਹ ਸੰਗਤਾਂ ਕਨੇਡਾ ਵੱਲੋਂ ਲੱਖ ਲੱਖ ਵਧਾਈ ਦਿੰਦੇ ਹਾਂ। ਸਤਕਾਰ ਕਮੇਟੀ ਬੀ. ਸੀ ਕਨੇਡਾ ਦੇ ਮੁੱਖ ਬੁਲਾਰੇ ਭਾਈ ਕੁਲਦੀਪ ਸਿੰਘ ਨੇ ਉਘੇ ਪੰਥਕ ਆਗੂ ਭਾਈ ਸੁਰਿੰਦਰ ਪਾਲ ਸਿੰਘ ਤਾਲਬਪੁਰ, ਭਾਈ ਤਜਿੰਦਰਪਾਲ ਸਿੰਘ ਭੰਗੂ ਅਤੇ ਬਹੁਤ ਹੀ ਆਦਰਯੋਗ ਭਾਈ ਅਮਨਦੀਪ ਸਿੰਘ ਚੰਡੀਗੜ ਅਤੇ ਹੋਰ ਸਾਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੇਹਨਤੀ ਅਤੇ ਤਜਰਬੇਕਾਰ ਅਤੇ ਸੁਚੱਜੇ ਢੰਗ ਨਾਲ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਨੂੰ ਚਲਾਉਣ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਸਮੂੰਹ ਪੰਜਾਬ ਤੇ ਦੇਸ਼ ਵਿਦੇਸ਼ ਦੀਆਂ ਹਮਾਇਤੀ ਸੰਗਤਾਂ ਤੇ ਵੋਟਰ, ਜਿੰਨਾ ਨੇ ਦਿਨ ਰਾਤ ਇੱਕ ਕਰਕੇ ਧੁੱਪ ਛਾਂ, ਠੰਡ ਦੀ ਪਰਵਾਹ ਨਾ ਕਰਦਿਆਂ ਸਾਰੇ ਸਿੱਖ ਕੌਮ ਨੂੰ ਵੋਟਾਂ ਨਾਲ ਨਿਵਾਜਿਆ ਹੈ ।ਸਾਰੇ ਦੇਸ਼ ਵਿਦੇਸ਼ ਦੇ ਮੀਡੀਆ ਦੀ (ਗੋਦੀ ਮੀਡੀਆ ਤੋਂ ਬਿਨਾਂ) ਕਨੇਡਾ ਦੀਆਂ ਸੰਗਤਾਂ ਤੇ ਸਤਿਕਾਰ ਕਮੇਟੀ ਰਿਣੀ ਹੈ ਤੇ ਬੇਨਤੀ ਕਰਦੀ ਹੈ ਕਿ ਗੋਦੀ ਮੋਦੀ ਤੋਂ ਉੱਪਰ ਉਠ ਕੇ ਸੱਚੀ ਅਵਾਜ ਲੋਕਾਂ ਤੱਕ ਪੰਚਾਓ, ਲੋਕ ਤੁਹਾਨੂੰ ਹੱਥਾਂ ਤੇ ਚੁੱਕਣਗੇ, ਸਹਿਜੋਗੀ ਵਕੀਲ ਸਾਹਿਬ ਅਤੇ ਗੁਰੂ ਸਾਹਿਬ ਘਰਾਂ ਦੀਆਂ ਕਮੇਟੀਆਂ ਦਾ ਵੋਟਾਂ ਵਿੱਚ ਖਾਸ ਸਥਾਨ ਰਿਹਾ ਹੈ। ਅਖੀਰ ਵਿੱਚ ਸਾਰਿਆਂ ਦਾ ਦੁਬਾਰਾ ਫੇਰ ਧੰਨਵਾਦ ਕਰਦੇ ਹਾਂ। ਜਿੰਨਾਂ ਨੇ ਤਨ ਮਨ ਧੰਨ ਨਾਲ ਪੰਥਕ ਉਮੀਦਵਾਰਾਂ ਨੂੰ ਜਿਤਾਇਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਖਾੜਕੂ ਸੰਘਰਸ਼ ਲਈ ਪਰਿਵਾਰਕ ਮੈਂਬਰਾਂ ਦੀ ਸ਼ਹਾਦਤ ਦੇਣ ਵਾਲੀ ਮਾਤਾ ਨੂਰੀ ਦੀ ਹੋਈ ਅੰਤਿਮ ਅਰਦਾਸ



**ਨਵੀਂ ਦਿੱਲੀ, 10 ਜੂਨ (ਮਨਪ੍ਰੀਤ ਸਿੰਘ ਖਾਲਸਾ)**:-ਸ਼ਹੀਦ ਭਾਈ ਲਛਮਣ ਸਿੰਘ ਬੱਬਰ ਉਰਫ਼ ਬਸੀਰ ਮੁਹੰਮਦ ਦੇ ਮਾਤਾ ਸ਼ਹੀਦ ਬੀਬੀ ਰਾਣੀ ਕੌਰ ਬੱਬਰ ਉਰਫ਼ ਸਕੀਨਾ ਬੇਗਮ, ਸ਼ਹੀਦ ਭਾਈ ਸਦੀਕ ਮੁਹੰਮਦ ਦੀ ਸੱਸ ਮਾਤਾ ਨੂਰੀ ਬੇਗਮ ਦੀ ਅੰਤਮ ਅਰਦਾਸ ਉਹਨਾਂ ਦੇ ਜੱਦੀ ਪਿੰਡ ਭੰਮੇ ਕਲਾਂ ਦੇ ਗੁਰਦੁਆਰਾ ਸਾਹਿਬ 'ਚ ਹੋਈ। ਮਾਤਾ ਨੂੰ ਸਰਧਾਂਜਲੀ ਦਿੰਦਿਆਂ ਵੱਖ ਵੱਖ ਬੁਲਾਰਿਆਂ ਨੇ ਉਹਨਾਂ ਦੇ ਪਰਿਵਾਰ ਦੇ ਚਾਰ ਮੈਂਬਰਾਂ ਵੱਲੋਂ ਸਿੱਖ ਸੰਘਰਸ਼ ਲਈ ਦਿੱਤੀਆਂ ਸ਼ਹੀਦੀਆਂ ਦੀ ਗਲ ਕਰਦਿਆ, ਮਾਤਾ ਵਲੋਂ ਆਪਣੇ ਸਰੀਰ 'ਤੇ ਹੰਢਾਏ ਕਸਟ, ਅੱਤਿਆਚਾਰ ਦੇ ਪਲਾਂ ਨੂੰ ਯਾਦ ਕਰਕੇ ਉਹਨਾਂ ਦੀ ਕੁਰਬਾਨੀ ਨੂੰ ਸਿਜਦਾ ਕੀਤਾ।

ਪੰਥ ਸੇਵਕ ਜਥੇ ਵਲੋਂ ਭਾਈ ਹਰਦੀਪ ਸਿੰਘ ਮਹਿਰਾਜ ਨੇ ਕਿਹਾ ਕਿ ਖਾੜਕੂ ਸੰਘਰਸ਼ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਦਾ ਮਾਣ ਸਨਮਾਨ ਬਰਕਰਾਰ ਰੱਖਣਾ ਤੇ ਉਹਨਾਂ ਦੇ ਦੁਖਦੇ ਸੁਖਦੇ ਨਾਲ ਖੜਨਾ ਸਾਡੀ ਸਭ ਦੀ ਜਿੰਮੇਵਾਰੀ ਹੈ।ਉਹਨਾਂ ਮੌਜੂਦਾ ਨਵੀਂ ਪੀੜ੍ਹੀ ਨੂੰ ਅਪੀਲ ਕੀਤੀ ਕਿ ਹਥਿਆਰਬੰਦ ਜੰਗ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਆਪਣੀ ਜਿੰਦਗੀ ਦਾ ਇਕ ਹਿੱਸਾ ਬਣਾਉਣ ਤਾਂ ਕਿ ਜੰਗ ਜਾਰੀ ਰਹੇ।ਉਹਨਾਂ ਕਿਹਾ ਕਿ ਇਹ ਜੰਗ ਰੁਕੀ ਨਹੀਂ ਇਹ ਇਕੋ ਇਕ ਗੁਰੂਆਂ ਦੇ ਰਾਹ ਦਰਸਾਏ ਮੁਕੰਮਲ ਖਾਲਸਾ ਰਾਜ ਦੀ ਮੰਜ਼ਲ 'ਤੇ ਪੁੱਜ ਕੇ ਅਗਲੇ ਪੜ੍ਹਾਅ 'ਚ ਦਾਖਲ ਹੋਵੇਗੀ। ਭਾਈ ਕਰਮਜੀਤ ਸਿੰਘ ਸੁਨਾਮ ਨੇ ਸ਼ਹੀਦ ਸਿੰਘਾਂ ਦੀਆਂ ਮਾਵਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆ ਕਿਹਾ ਕਿ ਇਹ ਸਾਡੇ ਇਤਿਹਾਸ ਦਾ ਅਨਮੋਲ ਹਿੱਸਾ ਹਨ, ਜੋ ਸਾਨੂੰ ਸਾਂਭ ਕੇ ਰੱਖਣਾ ਚਾਹੀਦਾ ਹੈ। ਇਸ ਮੌਕੇ ਸ਼ਹੀਦ ਭਾਈ ਲਛਮਣ ਸਿੰਘ ਬੱਬਰ ਦੀ ਭੈਣ ਤੇ ਸ਼ਹੀਦ ਭਾਈ ਸਦੀਕ ਮੁਹੰਮਦ ਦੀ ਪਤਨੀ ਬੀਬੀ ਅਮਰਜੀਤ ਕੌਰ ਨੂੰ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ। ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਵੀ ਇਕੱਤਰ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਦਲ ਖਾਲਸਾ ਜਿਲ੍ਹਾ ਮਾਨਸਾ ਦੇ ਪ੍ਰਧਾਨ ਰਾਜਵਿੰਦਰ ਸਿੰਘ ਟਿੱਬੀ, ਭਾਈ ਪਰਨਜੀਤ ਸਿੰਘ ਜੱਗੀ ਬਾਬਾ, ਲੱਖੀ ਜੰਗਲ ਸਭਾ ਵਲੋਂ ਬਾਬਾ ਸਵਰਨ ਸਿੰਘ ਕੋਟਧਰਮੂ, ਸ਼ਹੀਦ ਭਾਈ ਬੱਬਰ ਦਾ ਭਾਣਜਾ ਭਾਈ ਸਿਤਾਰ ਸਿੰਘ, ਭਾਈ ਸੁਖਚੈਨ ਸਿੰਘ ਅਤਲਾ, ਬਾਬਾ ਪਵਨਦੀਪ ਸਿੰਘ, ਧਰਮੀ ਫੌਜੀ ਭਾਈ ਜਸਵੰਤ ਸਿੰਘ ਭੁੱਚੋਂ, ਦਰਸ਼ਨ ਸਿੰਘ ਜਗਾ ਰਾਮ ਆਦਿ ਸਮੇਤ ਪਿੰਡ ਦੇ ਪਤਵੰਤੇ ਸੱਜਣ ਤੇ ਸੰਗਤ ਵੀ ਸ਼ਾਮਲ ਸੀ।

### ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਬਗਦਾਦੀ ਗੇਟ ਵਿਖੇ

# ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ





**ਫ਼ਿਰੋਜ਼ਪੁਰ, 10 ਜੂਨ (ਮਨੋਹਰ ਲਾਲ)** :— ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਅੰਦਰੂਨ ਬਗਦਾਦੀ ਗੇਟ ਫ਼ਿਰੋਜ਼ਪੁਰ ਵਿਖੇ ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਸ਼ਾਂਤੀ ਦੇ ਪੁੰਜ ਨਿਮਰ ਸੁਭਾਅ ਦੇ ਮਾਲਕ ਅਤੇ ਬੋਹਿਲ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਮੁਹੱਲੇ ਦੀਆਂ ਬੀਬੀਆਂ ਵੱਲੋਂ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜ਼ੀ ਦੇ ਜੀਵਨ ਬਾਰੇ ਸ਼ਬਦਾਂ ਰਾਹੀਂ ਵਰਨਣ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਬਗਦਾਦੀ ਗੇਟ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਨੇ ਸਭ ਤੋਂ ਪਹਿਲਾਂ ਹੁਕਮਨਾਮੇ ਦੀ ਕਥਾ ਕਰਦਿਆਂ ਆਖਿਆ ਕਿ ਸਾਨੂੰ ਗੁਰੂ ਮਹਾਂਰਾਜ ਜ਼ੀ ਦੇ ਭਾਣੇ ਵਿਚ ਰਹਿ ਕੇ ਆਪਣਾ ਜੀਵਨ ਬਸਰ ਕਰਨਾ ਚਾਹੀਦਾ ਹੈ। ਅੱਜ ਅਸੀਂ ਉਨ੍ਹਾਂ ਮਹਾਂਪੁਰਸ਼ਾਂ ਸ਼ਹੀਦਾਂ ਦੇ ਸਰਤਾਜ ਸ਼ਾਂਤੀ ਦੇ ਪੁੰਜ ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਖੂ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਤੱਤੀ ਤਵੀ ਤੇ ਬਿਠਾਇਆ, ਪਰ ਉਨ੍ਹਾਂ ਦੇ ਮੂੰਹ ਇਕ ਹੀ ਸ਼ਬਦ ਤੇਰਾ ਭਾਣਾ ਮਿੱਠਾ ਲਾਗੇ। ਬਾਬਾ ਅਵਤਾਰ ਸਿੰਘ ਨੇ ਅੱਗੇ ਕਿਹਾ ਕਿ ਜਹਾਗੀਰ ਨੇ ਗੁਰੂ ਸਾਹਿਬ ਨੂੰ ਯਾਸਾ—ਏ—ਸਿਆਸਤ ਅਧੀਨ ਸਜਾ ਦਿੱਤੀ, ਜਿਸ ਤੋਂ ਭਾਵ ਤਸੀਹੇ ਦੇ ਕੇ ਮਾਰਨਾ। ਇਸ ਤਰ੍ਹਾਂ ਜਹਾਂਗੀਰ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਸਮੇਂ ਕਈ ਤਰ੍ਹਾਂ ਦੇ ਅਕਹਿ ਤੇ ਅਸਹਿ ਤਸੀਹੇ ਦਿੱਤੇ ਗਏ, ਜਾਲਿਮਾਂ ਵੱਲੋਂ ਸਖਤ ਗਰਮੀ ਦੇ ਮੌਸਮ ਵਿਚ ਆਪ ਨੂੰ ਉਬਲਦੀ ਦੇਗ ਵਿਚ ਬਿਠਾਇਆ ਗਿਆ, ਤੱਤੀ ਤਵੀ ਤੇ ਚੌਂਕੜਾ ਲਵਾਇਆ ਗਿਆ ਅਤੇ ਪਾਵਨ ਸੀਸ ਤੇ ਸੜਦੀ ਬਲਦੀ ਰੇਤਾ ਪਾਈ ਗਈ, ਸਭ ਸਰੀਰਕ ਕਸ਼ਟਾਂ ਨੂੰ ਬੜੇ ਸਹਿਜ ਵਿਚ ਸਹਾਰਿਆ। ਇਸ ਨੂੰ ਕਰਤਾਰ ਦਾ ਭਾਣਾ ਸਮਝ ਕੇ ਆਪ ਅਡੋਲ ਰਹੇ, ਇਸ ਤਰ੍ਹਾਂ ਅਨੇਕਾਂ ਤਸੀਹੇ ਦੇ ਕੇ ਸੰਨ 1606 ਈਂ ਵਿਚ ਆਪ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਬਾਬਾ ਜੀ ਨੇ ਅੱਗੇ ਕਿਹਾ ਕਿ ਸਾਨੂੰ ਉਨ੍ਹਾਂ ਦੀ ਦਿੱਤੀ ਹੋਈ ਕੁਰਬਾਨੀ ਨੂੰ ਕਦੇ ਵੀ ਭੁਲਣਾ ਨਹੀਂ ਚਾਹੀਦਾ। ਇਸ ਮੌਕੇ ਤੇ ਆਈਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਹਰਜੀਤ ਸਿੰਘ ਕਾਲਾ ਲੋਟੇ, ਤਲਵਿੰਦਰ ਸਿੰਘ ਲੋਟੇ, ਲਖਵਿੰਦਰ ਸਿੰਘ, ਜ਼ਸਵਿੰਦਰ ਸਿੰਘ, ਗੁਰਅਸੀਸ ਸਿੰਘ, ਸਤਵਿੰਦਰ ਸਿੰਘ ਲੋਟੇ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ।

### ਸ੍ਰੀ ਗੁਰੂ ਅਰਜਨ ਦੇਵ ਜੀ ਦੀ

# ਲਾਸਾਨੀ ਸ਼ਹਾਦਤ ਨੂੰ ਸਮਰਪਿਤ ਲਗਾਈ ਛਬੀਲ

**ਫ਼ਿਰੋਜ਼ਪੁਰ, 10 ਜੂਨ (ਮਨੋਹਰ ਲਾਲ)** :— ਸ਼ਹੀਦਾਂ ਦੇ ਸਰਤਾਜ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਚੌਕ ਬਾਬਾ ਨਾਮਦੇਵ ਜੀ ਵਿਚ ਇਕ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਛਬੀਲ ਅਤੇ ਲੰਗਰ ਦੀ ਸੇਵਾ ਭਾਈ ਸਾਹਿਬ ਭਾਈ ਲਾਲੋ ਜੀ ਕਾਰੀਗਰ ਯੂਨੀਅਨ ਵੱਲੋਂ ਕੀਤੀ ਗਈ। ਇਸ ਮੌਕੇ ਇੰਦਰ ਸਿੰਘ, ਜਰਨੈਲ ਸਿੰਘ ਗਾਬੜੀਆ, ਕਰਨੈਲ ਸਿੰਘ ਘੁੱਲਾ, ਜਗਦੀਪ ਸਿੰਘ, ਸਤਨਾਮ ਸਿੰਘ, ਵਰਿੰਦਰ ਸਿੰਘ, ਕਰਨੈਲ ਸਿੰਘ, ਸ਼ਿਵ ਕਬੀਰ ਸਿੰਘ, ਪ੍ਰਿਤਪਾਲ ਸਿੰਘ ਆਦਿ ਮੈਂਬਰ ਹਾਜ਼ਰ ਸਨ।



# ਸਿਆਰਾਮ ਵੈਲਫੇਅਰ ਸੁਸਾਇਟੀ ਨੇ 21 ਜ਼ਰੂਰਤਮੰਦ ਵਿਅਕਤੀਆਂ ਨੂੰ ਵੰਡਿਆ ਮਹੀਨਾਵਰ ਰਾਸ਼ਨ




**ਫ਼ਿਰੋਜ਼ਪੁਰ, 10 ਜੂਨ (ਮਨੋਹਰ ਲਾਲ)** :—ਸਮਾਜ ਸੇਵੀ ਕਾਰਜ ਕਰਦੀ ਆ ਰਹੀ ਸਿਆਰਾਮ ਵੈਲਫੇਅਰ ਸੁਸਾਇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਇਕ ਹੋਰ ਉਪਰਾਲਾ ਕਰਦਿਆਂ 21 ਜ਼ਰੂਰਤਮੰਦ ਵਿਅਕਤੀਆਂ ਨੂੰ ਮਹੀਨਾਵਰ ਰਾਸ਼ਨ ਵੰਡਿਆ ਗਿਆ। ਇਸ ਸ਼ੁਭ ਕਾਰਜ ਦਾ ਆਗਾਜ਼ ਭਗਵਾਨ ਸ੍ਰੀ ਪਰਸ਼ੂਰਾਮ ਮੰਦਿਰ ਵਿਚ ਕੀਤਾ ਗਿਆ, ਜਿਸ ਦੌਰਾਨ ਪੰਡਿਤ ਲੇਖਰਾਜ ਤ੍ਰਿਪਾਠੀ ਵੱਲੋਂ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਜਗਦੀਸ਼ ਬਜਾਜ ਨੇ ਕਿਹਾ ਕਿ ਸੰਸਥਾ ਪਿਛਲੇ ਲੰਬੇ ਅਰਸੇ ਤੋਂ ਸਮਾਜ ਭਲਾਈ ਦੇ ਕਾਰਜ ਕਰਦੀ ਆ ਰਹੀ ਹੈ ਅਤੇ ਇਹ ਕਾਰਜ ਨਿਰੰਤਰ ਜਾਰੀ ਰਹਿਣਗੇ। ਇਸ ਮੌਕੇ ਜਗਦੀਸ਼ ਬਜਾਜ, ਜਗਦੀਸ਼ ਕੱਕੜ ਐਡਵੋਕੇਟ, ਬ੍ਰਿਜ ਧਵਨ, ਡਾ: ਕੇ.ਸੀ ਅਰੋੜਾ, ਵਿਨੋਦ ਨਰੂਲਾ, ਓਮ ਪ੍ਰਕਾਸ਼ ਕਟਾਰੀਆ, ਪੰਡਿਤ ਲੇਖਰਾਜ ਤ੍ਰਿਪਾਠੀ ਨੇ ਜ਼ਰੂਰਤਮੰਦਾਂ ਨੂੰ ਰਾਸ਼ਨ ਵੰਡਣ ਦਾ ਕਾਰਜ ਆਪਣੇ ਹੱਥੀਂ ਕਰਦਿਆਂ ਭਵਿੱਖ ਵਿਚ ਇਹ ਨੀਤੀ ਜਾਰੀ ਰੱਖਣ ਦਾ ਅਹਿਦ ਲਿਆ। ਇਸ ਮੌਕੇ ਸ੍ਰੀਮਤੀ ਰਾਜ ਜੂਲਕਾ ਨੇ ਸੁਸਾਇਟੀ ਵੱਲੋਂ ਸਮਾਜ ਭਲਾਈ ਅਤੇ ਲੋਕ ਹਿੱਤ ਵਿਚ ਕੀਤੇ ਜਾ ਰਹੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਸੁਸਾਇਟੀ ਦੀ ਮੈਂਬਰਸ਼ਿਪ ਪ੍ਰਾਪਤ ਕੀਤੀ ਅਤੇ ਸੁਸਾਇਟੀ ਆਗੂਆਂ ਸਮੇਤ ਪ੍ਰਧਾਨ ਦਾ ਧੰਨਵਾਦ ਕੀਤਾ।

## ਸ਼ਹੀਦਾਂ ਦੇ ਸਰਤਾਜ ਪੰਜਵੇ ਪਾਤਸ਼ਾਹ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ 418ਵੇਂ ਸ਼ਹੀਦੀ ਦਿਹਾੜੇ ਤੇ ਠੰਡੇ ਮਿੱਠੇ ਜਲ ਦੀ ਛਬੀਲ ਹਰਜੀਤ ਸਿੰਘ ਕਾਲਾ ਨੇ ਬਗਦਾਦੀ ਗੇਟ ਅੰਦਰ ਲਗਾਈ



**ਫ਼ਿਰੋਜ਼ਪੁਰ, 10 ਜੂਨ (ਮਨੋਹਰ ਲਾਲ)** :— ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ 418ਵੇਂ ਸ਼ਹੀਦੀ ਦਿਹਾੜੇ ਤੇ ਠੰਡੇ ਮਿੱਠੇ ਜਲ ਦੀ ਛਬੀਲ ਹਰਜੀਤ ਸਿੰਘ ਕਾਲਾ ਅੰਗਰੂਨ ਬਗਦਾਦੀ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਲਾਈ ਗਈ। ਇਸ ਮੌਕੇ ਤੇ ਸੰਗਤਾਂ ਨੇ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਹਰਜੀਤ ਸਿੰਘ ਕਾਲਾ ਲੋਟੇ, ਤਲਵਿੰਦਰ ਸਿੰਘ ਲੋਟੇ, ਲਖਵਿੰਦਰ ਸਿੰਘ, ਜ਼ਸਵਿੰਦਰ ਸਿੰਘ, ਗੁਰੂ ਅਸੀਸ ਸਿੰਘ ਲੋਟੇ, ਸਤਵਿੰਦਰ ਸਿੰਘ ਲੋਟੇ, ਬਾਬਾ ਅਵਤਾਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਜ਼ੁਲਮ ਦੇ ਟਾਕਰੇ ਲਈ ਮੀਰੀ ਪੀਰੀ ਦਾ ਸਿਧਾਂਤ ਅਪਨਾਉਣਾ ਪਵੇਗਾ : ਬਾਬਾ ਸੁੱਖਾ ਸਿੰਘ

# ਗੁ: ਜੋਤੀਸਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ



**ਜੰਡਿਆਲਾ ਗੁਰੂ**, 10 ਜੂਨ (**ਕੁਲਵੰਤ ਸਿੰਘ ਵਿਰਦੀ**)-ਅੱਜ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਵਿਖੇ ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸਾਹਿਬ ਸ਼੍ਰੀ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਅਤੇ ਗੁਰਦੁਆਰਾ ਜੋਤੀਸਰ ਸ਼ਿਮਲਾ ਹਿਮਾਚਲ ਪ੍ਰਦੇਸ਼ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸ਼ਹੀਦੀ ਦਿਹਾੜੇ ਨੂੰ ਸਮਰਪਿਤ 22 ਮਈ ਦਿਨ ਬੁੱਧਵਾਰ ਨੂੰ ਸਵੇਰ ਦੇ ਸਮੇਂ ਸਹਿਜ ਪਾਠ ਦੀ ਆਰੰਭਤਾ ਕੀਤੀ ਗਈ ਅਤੇ 23 ਮਈ ਨੂੰ ਬੀਬੀਆਂ ਦੇ ਜੱਥੇ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਗਏ ਅਤੇ ਅੱਜ 10 ਜੂਨ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਅਤੇ ਸਹਿਜ ਪਾਠ ਜੀ ਦੇ ਭੋਗ ਪਾਏ ਗਏ ਭੋਗ ਤੋਂ ਉਪਰੰਤ ਗੁਰਦੁਆਰਾ ਸਾਹਿਬ ਜੀ ਦੇ ਦੀਵਾਨ ਹਾਲ ਵਿੱਚ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਕੀਰਤਨ ਦਰਬਾਰ ਸਜਾਏ ਗਏ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ ਅਤੇ ਸਮਾਪਤੀ ਮੌਕੇ ਬਾਬਾ ਸੁੱਖਾ ਸਿੰਘ ਜੀ ਵੱਲੋਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਅਤੇ ਹੁਕਮਨਾਮੇ ਤੋਂ ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ ਅਤੇ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰਾਂ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਛੋਲੇ ਕੜਾਹ ਪ੍ਰਸ਼ਾਦਿ ਵਰਤਾਏ ਗਏ ਇਸ ਮੌਕੇ ਬਾਬਾ ਸੁੱਖਾ ਸਿੰਘ ਜੀ ਨੇ ਕਿਹਾ ਕਿ ਮੁਗਲਰਾਜ ਨੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਉਪਰ ਜ਼ੁਲਮ ਕੀਤਾ ਅਤੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਆਕਾਲ ਪੁਰਖ ਦੇ ਭਾਣੇ ਵਿੱਚ ਰਹਿ ਕੇ ਸ਼ਹੀਦੀ ਪ੍ਰਾਪਤ ਕਰ ਗਏ ਅਤੇ ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਜ਼ੁਲਮ ਦੇ ਟਾਕਰੇ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਅਤੇ ਹਰ ਇੱਕ ਗੁਰਸਿੱਖ ਨੂੰ ਹਮੇਸ਼ਾ ਤਿਆਰ ਬਰ ਤਿਆਰ ਰਹਿਣ ਲਈ ਹੁਕਮ ਕੀਤਾ ਬੇਸ਼ੱਕ ਅੱਜ ਕਈ ਲੋਕ ਸ੍ਰੀ ਆਕਾਲ ਤਖਤ ਸਾਹਿਬ ਜੀ ਦਾ ਹੁਕਮ ਨਹੀਂ ਮੰਨਦੇ ਪਰ ਆਖਰ ਜ਼ੁਲਮ ਦਾ ਨਾਸ ਕਰਨ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿਧਾਂਤ ਨੂੰ ਅਪਨਾਉਣਾ ਪਵੇਗਾ ਇਸ ਮੌਕੇ ਤੇ ਹੈੱਡ ਗ੍ਰੰਥੀ ਭਾਈ ਹੀਰਾ ਸਿੰਘ ਜੀ, ਹਰਪ੍ਰੀਤ ਸਿੰਘ, ਮਾਸਟਰ ਸੰਦਲ ਸਿੰਘ, ਜਸ਼ਨਜੀਤ ਸਿੰਘ, ਹਰਜਿੰਦਰ ਸਿੰਘ ਗਿੱਲ, ਪ੍ਰਿਤਪਾਲ ਸਿੰਘ, ਰੁਪਿੰਦਰਪਾਲ ਸਿੰਘ, ਗੁਰਕੀਰਤ ਸਿੰਘ, ਸੁਭਪ੍ਰੀਤ ਸਿੰਘ ਆਦਿ ਸੰਗਤਾਂ ਨੇ ਗੁਰੂ ਚਰਨਾਂ ਵਿੱਚ ਹਾਜ਼ਰੀਆਂ ਭਰੀਆਂ।

### ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵੱਲੋਂ

# ਪਿੰਡ ਤਾਰਾਗੜ੍ਹ ਵਿਖੇ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਪਹੁੰਚ ਕੇ ਗ੍ਰੰਥੀ ਸਿੰਘਾਂ ਨੂੰ ਸਨਮਾਨਿਤ ਕੀਤਾ



**ਜੰਡਿਆਲਾ ਗੁਰੂ**, 14 ਜੂਨ ( **ਕੁਲਵੰਤ ਸਿੰਘ ਵਿਰਦੀ**)-ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਇਲਾਕੇ ਦੇ ਵੱਖ ਵੱਖ ਗੁਰਦੁਆਰਾ ਸਾਹਿਬ ਜੀ ਦੇ ਗ੍ਰੰਥੀ ਸਿੰਘਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਂਦਾ ਹੈ ਅਤੇ ਜੋ ਗ੍ਰੰਥੀ ਸਿੰਘ ਕਿਸੇ ਕਾਰਨ ਕਰਕੇ ਇਸ ਪ੍ਰੋਗਰਾਮ ਵਿੱਚ ਨਾ ਪਹੁੰਚ ਸਕੇ ਉਨਾਂ ਗ੍ਰੰਥੀ ਸਿੰਘਾਂ ਦਾ ਵਿਸ਼ੇਸ਼ ਸਨਮਾਨ ਉਨ੍ਹਾਂ ਦੇ ਅਸਥਾਨ ਤੇ ਆਪ ਪਹੁੰਚਾਉਂਦੇ ਹਨ ਜਿਸ ਦੇ ਚੱਲਦਿਆਂ ਅੱਜ ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਅਤੇ ਉਨ੍ਹਾਂ ਦੇ ਨਾਲ ਆਏ ਸਿੰਘਾਂ ਵੱਲੋਂ ਪਿੰਡ ਤਾਰਾਗੜ੍ਹ ਵਿਖੇ ਸਥਿਤ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਗ੍ਰੰਥੀ ਭਾਈ ਮਨਜੀਤ ਸਿੰਘ ਅਤੇ ਗ੍ਰੰਥੀ ਭਾਈ ਸਰਵਨਜੀਤ ਸਿੰਘ ਜੀ ਦਾ ਸਨਮਾਨ ਲੈ ਕਿ ਪਹੁੰਚੇ ਅਤੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਉਨ੍ਹਾਂ ਵੱਲੋਂ ਗ੍ਰੰਥੀ ਸਿੰਘਾਂ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਗੱਲਬਾਤ ਦੌਰਾਨ ਭਾਈ ਸਾਹਿਬ ਸਿੰਘ ਸੰਧੂ ਨੇ ਕਿਹਾ ਕਿ ਅਸੀਂ ਗ੍ਰੰਥੀ ਸਿੰਘਾਂ ਦਾ ਸਤਿਕਾਰ ਕਰ ਨਹੀਂ ਸਕਦੇ ਕਿਉਂਕਿ ਇਹ ਪਦਵੀਂ ਬਹੁਤ ਉੱਚੀ ਹੈ ਪਰ ਫਿਰ ਵੀ ਸ੍ਰੀ ਗੁਰੂ ਰਾਮਦਾਸ ਸਾਹਿਬ ਸੇਵਾ ਸੁਸਾਇਟੀ ਵੱਲੋਂ ਗ੍ਰੰਥੀ ਸਿੰਘਾਂ ਦਾ ਸਤਿਕਾਰ ਕਰਨ ਲਈ ਇਹ ਛੋਟਾ ਜਿਹਾ ਚੌਥਾ ਸਲਾਨਾ ਵਿਸ਼ੇਸ ਉਪਰਾਲਾ ਹੈ ਅਤੇ ਇਸ ਵਿੱਚ ਅਸੀਂ ਵੱਖ ਵੱਖ ਪਿੰਡਾਂ ਤੋਂ ਗ੍ਰੰਥੀ ਸਿੰਘਾਂ ਨੂੰ ਸੱਦਾ ਪੱਤਰ ਦੇ ਕੇ ਬੁਲਾਉਂਦੇ ਹਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਗ੍ਰੰਥੀ ਸਿੰਘਾਂ ਨੂੰ ਸਨਮਾਨ ਦਿੱਤਾ ਜਾਂਦਾ ਹੈ। ਇਸ ਮੌਕੇ ਡਾ ਪਰਮਜੀਤ ਸਿੰਘ ਪੰਨੂ ਰਜਿਸਟਰ ਆਰ ਅੰਮ੍ਰਿਤਸਰ ਕਾਲਜਸ , ਮੁੱਖ ਸੇਵਾਦਾਰ ਸਾਹਿਬ ਸਿੰਘ ਸੰਧੂ , ਸਲਾਹਕਾਰ ਹਰਭਜਨ ਸਿੰਘ ਮੌਜੀ , ਜਰਨਲ ਸਕੱਤਰ ਜੋਬਨਬੀਰ ਸਿੰਘ ਵਡਾਲੀ ਆਦਿ ਹਾਜ਼ਰ ਸਨ।

# ਆਯੋਧਿਆ ਵਿਚ ਨੋਟ ਤਾਂ ਬੜੇ ਮਿਲੇ ਵੋਟ ਨਹੀਂ ਮਿਲੀ—ਭੁੱਲਰ



ਫ਼ਿਰੋਜ਼ਪੁਰ, 10 ਜੂਨ (ਮਨੋਹਰ ਲਾਲ) :— ਸਿਆਸੀ ਪੰਡਤਾਂ ਦੀ ਭਵਿੱਖ ਬਾਣੀ ਦਸਦੀ ਹੈ, ਇਹ ਸਰਕਾਰ 5 ਸਾਲ ਨਹੀਂ ਚੱਲੇਗੀ। ਆਯੋਧਿਆ ਮੰਦਰ ਦੀ ਰਖਨ ਲਈ ਤਾਂ 54 ਹਜ਼ਾਰ ਕਰੋੜ ਰੁਪਏ ਇਕੱਠੇ ਹੋਏ ਸਨ, ਹੁਣ ਵੋਟਾਂ ਉਸ ਹਿਸਾਬ ਨਾਲ ਨਹੀਂ ਪਈਆਂ। ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਜਰਨਲ ਸਕੱਤਰ ਸਰਬਜੀਤ ਸਿੰਘ ਛਾਬੜਾ ਨੇ ਆਖਿਆ ਕਿ ਆਯੋਧਿਆ ਮੰਦਰ ਦੇ ਨਾਮ ਤੇ ਸਰਕਾਰ ਬਣਾਉਣ ਦਾ ਪੱਤਾ ਤਾਂ ਬੀ.ਜੇ.ਪੀ ਨੇ ਖੇਡਿਆ ਸੀ, ਉਹ ਕਾਮਯਾਬ ਨਹੀਂ ਹੋਇਆ, ਉਹ ਉਲਟਾ ਪੈ ਗਿਆ। ਉਧਰ ਕੰਗਣਾ ਰਣੌਤ ਨੇ ਕਾਂਸਟੇਬਲ ਨੂੰ ਕੌਰ ਖਾਲਿਸਤਾਨੀ ਕਹਿ ਕੇ ਬੁਲਾਇਆ ਅਤੇ ਕਾਂਸਟੇਬਲ ਕੁਲਵਿੰਦਰ ਕੌਰ ਨੇ ਉਸ ਦੇ ਥੱਪੜ ਜੜ ਦਿੱਤਾ ਅਤੇ ਆਖਿਆ ਕਿ ਪੰਜਾਬ ਅੰਦਰ ਅੱਤਵਾਦ ਚੱਲ ਰਿਹਾ ਹੈ, ਅੱਤਵਾਦ ਵੀ ਸਰਕਾਰ ਦੀ ਟੇਦ ਹੈ, ਕਗਣਾ ਦਾ ਕਹਿਣਾ ਹੈ ਥੱਪੜ ਤਾਂ ਮੈਂ ਵੀ ਮਾਰ ਸਕਦੀ ਸੀ, ਮੈਂ ਫੌਜੀ ਵਰਦੀ ਉਪਰ ਹੱਥ ਨਹੀਂ ਚੱਕਿਆ ਜੇ ਹੱਥ ਨਹੀਂ ਚੁਕਿਆ ਤਾਂ ਫਿਰ ਕੌਰ ਖਾਲਿਸਤਾਨੀ ਕਿਉਂ ਆਖਿਆ, ਉਸ ਵੇਲੇ ਵਰਦੀ ਨਜ਼ਰ ਨਹੀਂ ਆਈ, ਸਰਕਾਰ ਜਾਣ ਸਮੇਂ ਅਰਬਾਂ ਰੁਪਏ ਦਾ ਸਟਾ ਚੱਲ ਗਿਆ। ਸ੍ਰੀ ਭੁੱਲਰ ਤੇ ਸਾਥੀਆਂ ਨੇ ਕਿਹਾ ਕਿ ਸ਼ੇਅਰ ਬਜਾਰ ਦਾ ਭੱਠਾ ਬਿਠਾ ਹੁਣ ਸਰਕਾਰ ਦਾ ਆਖਰੀ ਸਮਾਂ ਦੇਖੋਂ ਕਿੰਨਾ ਚਿਰ ਚਲਦਾ ਹੈ ਅਤੇ ਮਹਿਗਾਈ ਤੇ ਕੰਟਰੋਲ ਹੋਵੇਗਾ। ਸ਼ਾਇਦ ਇਸ ਵਿਚ ਵੀ ਗਰੀਬ ਦਾ ਭਲਾ ਹੀ ਹੋਵੇ, ਸਰਕਾਰ ਵੱਲੋਂ ਹੁਣ ਕਿਹੜੇ ਪਤੇ ਖੋਲਦੀ ਹੈ।

# ਅਮਿਤ ਸ਼ਾਹ, ਜੈਸੰਕਰ, ਰਾਜਨਾਥ ਸਿੰਘ ਵਰਗੇ ਕਾਤਲ ਸੋਚ ਵਾਲੇ ਹੁਕਮਰਾਨਾਂ ਉਤੇ ਸਿੱਖ ਕੌਮ ਦੀ ਬਾਜ ਨਜਰ ਹੈ : ਮਾਨ





ਨਵੀਂ ਦਿੱਲੀ, 10 ਜੂਨ (ਮਨਪ੍ਰੀਤ ਸਿੰਘ ਖਾਲਸਾ):- "ਜੋ ਇੰਡੀਅਨ ਹੁਕਮਰਾਨਾਂ ਜਿਨ੍ਹਾਂ ਵਿਚ ਸ੍ਰੀ ਮੋਦੀ, ਅਮਿਤ ਸ਼ਾਹ, ਜੈਸੰਕਰ, ਰਾਜਨਾਥ ਸਿੰਘ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਦੇ ਮੁੱਖੀ ਅਤੇ ਰਾਅ ਦੇ ਸਾਬਕਾ ਮੁੱਖੀ ਸੰਮਤ ਗੋਇਲ, ਆਈ.ਬੀ, ਮਿਲਟਰੀ ਇੰਨਟੈਲੀਜੈਂਸ ਆਦਿ ਸਭਨਾਂ ਵੱਲੋ ਜੋ ਇਕ ਸਾਂਝੀ ਸਿੱਖ ਕੌਮ ਵਿਰੋਧੀ ਨੀਤੀ ਅਧੀਨ ਬਾਹਰਲੇ ਮੁਲਕਾਂ ਅਤੇ ਇੰਡੀਆਂ ਵਿਚ ਸਿੱਖ ਕੌਮ ਦੀ ਆਜਾਦੀ ਦੀ ਜਮਹੂਰੀਅਤ ਢੰਗ ਨਾਲ ਕੌਮਾਂਤਰੀ ਕਾਨੂੰਨਾਂ ਅਧੀਨ ਮੰਗ ਕਰਨ ਵਾਲੇ ਸਿੱਖਾਂ ਨੂੰ ਸਾਜਸੀ ਢੰਗਾਂ ਰਾਹੀ ਨਿਸ਼ਾਨਾਂ ਬਣਾਕੇ ਕਤਲ ਕਰਨ ਦੀ ਨੀਤੀ ਤੇ ਅਮਲ ਹੁੰਦਾ ਆ ਰਿਹਾ ਹੈ, ਉਸ ਲਈ



ਉਪਰੋਕਤ ਸਭ ਕੱਟੜਵਾਦੀ ਸਿੱਖ ਵਿਰੋਧੀ ਹੁਕਮਰਾਨ ਤੇ ਅਫਸਰਾਨ ਜਿੰਮੇਵਾਰ ਹਨ । ਕਿਉਕਿ ਇਨ੍ਹਾਂ ਸਭਨਾਂ ਨੇ ਪਹਿਲੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਅਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ ਅਤੇ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਪੰਜਾਬ ਦੇ ਕਤਲ ਕਰਵਾਏ ਗਏ । ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜਿਸ ਰਚੀ ਸੀ ਜਿਸ ਨੂੰ ਅਮਰੀਕਾ ਨੇ ਅਸਫਲ ਬਣਾ ਦਿੱਤਾ ਸੀ । ਉਸ ਲਈ ਇਹ ਸਭ ਜਿੰਮੇਵਾਰ ਹਨ । ਇਸ ਲਈ ਇਨ੍ਹਾਂ ਉਤੇ ਸਿੱਖ ਕੌਮ ਨੇ ਬਾਜ਼ ਨਜਰ ਰੱਖੀ ਹੋਈ ਹੈ, ਤਦ ਹੀ ਸਿੱਖ ਕੌਮ ਇਹ ਚਾਹੁੰਦੀ ਹੈ ਸਿੱਖਾਂ ਦੇ ਇਨ੍ਹਾਂ ਕਾਤਲਾਂ ਨੂੰ ਇੰਡੀਅਨ ਕੈਬਨਿਟ ਵਿਚ ਗ੍ਰਹਿ, ਵਿਦੇਸ਼, ਰੱਖਿਆ ਦੇ ਵਿਭਾਗ ਬਿਲਕੁਲ ਨਾ ਦਿੱਤੇ ਜਾਣ ਅਤੇ ਸਿੱਖ ਮਨਾਂ ਨੂੰ ਹੋਰ ਡੂੰਘੀ ਠੇਸ ਨਾ ਪਹੁੰਚਾਈ ਜਾਵੇ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ੍ਰੀ ਮੋਦੀ ਹਕੂਮਤ ਦੀ ਸੋਹ ਚੁੱਕ ਸਮਾਗਮ ਉਤੇ ਸਿੱਖ ਕੌਮ ਦੀ ਜਿੰਮੇਵਾਰੀਆ ਪ੍ਰਤੀ ਅਤੇ ਸਿੱਖ ਕੌਮ ਨੂੰ ਆਪਣੇ ਕਾਤਲਾਂ ਨੂੰ ਪਹਿਚਾਨਣ ਸੰਬੰਧੀ ਕੇਂਦਰਿਤ ਕਰਦੇ ਹੋਏ ਸ੍ਰੀ ਮੋਦੀ ਨੂੰ, ਸ੍ਰੀ ਸਾਹ, ਸ੍ਰੀ ਰਾਜਨਾਥ ਸਿੰਘ, ਸ੍ਰੀ ਜੈਸੰਕਰ ਆਦਿ ਨੂੰ ਅਹਿਮ ਵਿਭਾਗ ਨਾ ਦੇਣ ਦੀ ਜੋਰਦਾਰ ਆਵਾਜ ਉਠਾਉਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਇਹ ਗੱਲ ਇਸ ਲਈ ਵੀ ਕਹੀ ਕਿ ਬਾਹਰਲੇ ਮੁਲਕਾਂ ਵਿਚ ਵੱਸਣ ਵਾਲੇ ਅਮਨ ਪਸੰਦ ਤੇ ਜਮਹੂਰੀਅਤ ਪਸ਼ੰਦ ਸਿੱਖ ਇਨ੍ਹਾਂ ਵੱਲੋ ਬੀਤੇ ਸਮੇ ਵਿਚ ਉਪਰੋਕਤ ਕਤਲ ਕੀਤੇ ਗਏ ਅਤੇ ਸ੍ਰੀ ਪੰਨੂ ਦੀ ਕਤਲ ਦੀ ਸਾਜਿਸ ਰਚਣ ਵਾਲਿਆ ਨੂੰ ਅੱਛੀ ਤਰ੍ਹਾਂ ਜਾਣਦੇ ਹਨ । ਜਦੋ ਵੀ ਇਹ ਤਿੰਨੇ ਬਾਹਰਲੇ ਮੁਲਕਾਂ ਵਿਚ ਜਾਣਗੇ ਤਾਂ ਉਥੇ ਸਿੱਖਾਂ ਵੱਲੋ ਇਨ੍ਹਾਂ ਵਿਰੁੱਧ ਜੋਰਦਾਰ ਰੋਸ ਵਿਖਾਵੇ ਹੋਣ ਤੋ ਇਨਕਾਰ ਨਹੀ ਕੀਤਾ ਜਾ ਸਕਦਾ । ਬਾਹਰਲੇ ਸਿੱਖ ਇਨ੍ਹਾਂ ਨੂੰ ਬਿਲਕੁਲ ਬਰਦਾਸਤ ਨਹੀ ਕਰਨਗੇ । ਸ੍ਰੀ ਮੋਦੀ ਹਕੂਮਤ ਤਾਂ ਗੈਰ ਦਲੀਲ ਢੰਗ ਨਾਲ ਰੌਲਾ ਪਾ ਰਹੀ ਹੈ ਕਿ ਸਿੱਖ ਰੋਸ ਵਿਖਾਵੇ ਕਰਕੇ ਜੁਲਮ ਕਰ ਰਹੇ ਹਨ । ਜਦੋਕਿ ਇਹ ਜ਼ਬਰ ਜੁਲਮ ਤੇ ਬੇਇਨਸਾਫ਼ੀਆਂ ਤਾਂ ਸਿੱਖ ਕੌਮ ਨਾਲ ਹੁਕਮਰਾਨ ਕਰ ਰਹੇ ਹਨ, ਜਦੋਕਿ ਰੋਸ ਵਿਖਾਵੇ ਕਰਨਾ ਤਾਂ ਸਿੱਖ ਕੌਮ ਦਾ ਵਿਧਾਨਿਕ, ਕਾਨੂੰਨੀ ਅਤੇ ਮੌਲਿਕ ਅਧਿਕਾਰ ਹਨ । ਜਿਨ੍ਹਾਂ ਤੋ ਉਨ੍ਹਾਂ ਨੂੰ ਕੋਈ ਨਹੀ ਰੋਕ ਸਕਦਾ । ਇਥੇ ਇਹ ਵੀ ਵਰਣਨ ਕਰਨਾ ਜਰੂਰੀ ਹੈ ਕਿ ਜੋ ਅਮਰੀਕਾ, ਕੈਨੇਡਾ ਤੇ ਹੋਰਨਾਂ ਮੁਲਕਾਂ ਵਿਚ ਇੰਡੀਅਨ ਏਜੰਸੀਆ ਦਖਲ ਦੇ ਕੇ ਉਥੇ ਵੱਸਣ ਵਾਲੇ ਸਿੱਖ ਨਾਗਰਿਕਾਂ ਦੇ ਕਤਲ ਕਰ ਰਹੇ ਹਨ, ਇਹ ਤਾਂ ਉਨ੍ਹਾਂ ਮੁਲਕਾਂ ਦੀ ਖੁਦਮੁਖਤਿਆਰੀ ਅਤੇ ਪ੍ਰਭੂਸਤਾ ਨੂੰ ਚੁਣੋਤੀ ਦੇਣ ਵਾਲੀਆ ਦੁੱਖਦਾਇਕ ਕਾਰਵਾਈਆ ਹਨ । ਜਿਨ੍ਹਾਂ ਨੂੰ ਇਹ ਮੁਲਕ ਕਤਈ ਬਰਦਾਸਤ ਨਹੀ ਕਰਨਗੇ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸ਼ਹੀਦ ਭਾਈ ਮੇਜਰ ਸਿੰਘ ਜੀ ਨਾਗੋਕੇ ਦੇ ਸ਼ਹੀਦੀ ਦਿਹਾੜੇ 'ਤੇ**

# ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਤੇ ਹੋਰ ਪੰਥਕ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ

## ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਨਾਲ ਹਾਜ਼ਰੀ ਭਰੀ ਅਤੇ ਸ਼ਹੀਦੀ ਪਰਿਵਾਰ ਹੋਣ ਕਰਕੇ ਸਿੰਘ ਸਾਹਿਬ ਜੀ ਅਤੇ ਸਮੂਹ ਪਤਵੰਤਿਆਂ ਵੱਲੋਂ ਬਾਬਾ ਸੱਜਣ ਸਿੰਘ ਜੀ ਦਾ ਸਨਮਾਨ












( ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ ) ਜੂਨ 1984 ਘੱਲੂਘਾਰੇ ਚ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਨਾਲ ਜੂਝ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਸ਼ਹੀਦ ਭਾਈ ਮੇਜਰ ਸਿੰਘ ਜੀ ਨਾਗੋਕੇ ਅਤੇ ਸਮੂਹ ਸ਼ਹੀਦਾਂ ਸਿੰਘਾਂ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਬਾਬਾ ਸਾਵਣ ਮੱਲ ਜੀ ਪਿੰਡ ਨਾਗੋਕੇ ਵਿਖੇ ਮਨਾਇਆ ਗਿਆ। ਜਿਸ ਵਿੱਚ ਸਿੱਖ ਕੌਮ ਦੀ ਮਾਇਨਾਜ ਹਸਤੀ ਅਤੀ ਸਤਿਕਾਰਯੋਗ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਅਤੇ ਬੋਲਦਿਆਂ ਦੱਸਿਆ ਕਿ ਸਹੀਦ ਸਿੰਘ ਕੌਮ ਦਾ ਗਹਿਣਾ ਹਨ ਸਾਨੂੰ ਸ਼ਹੀਦੀ ਪਰਿਵਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਸਾਨੂੰ ਸਾਰਿਆਂ ਨੂੰ ਨਸ਼ੇ ਛੱਡ ਕੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਅਤੇ ਪੰਜ ਬਾਣੀਆਂ ਦਾ ਨਿਤਨੇਮ ਕਰਨਾ ਚਾਹੀਦਾ ਹੈ। ਇਸ ਮੌਕੇ ਸਮਾਗਮ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਨਾਲ ਹਾਜ਼ਰੀ ਭਰੀ ਅਤੇ ਸ਼ਹੀਦੀ ਪਰਿਵਾਰ ਹੋਣ ਕਰਕੇ ਸਿੰਘ ਸਾਹਿਬ ਜੀ ਅਤੇ ਸਮੂਹ ਪਤਵੰਤਿਆਂ ਵੱਲੋਂ ਬਾਬਾ ਸੱਜਣ ਸਿੰਘ ਜੀ ਦਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਥਕ ਸ਼ਖਸ਼ੀਅਤਾਂ ਸੰਤ ਬਾਬਾ ਰਾਮ ਸਿੰਘ ਜੀ ਦਮਦਮੀ ਟਕਸਾਲ ਸੰਗਰਾਵਾਂ, ਭਾਈ ਰਣਜੀਤ ਸਿੰਘ ਜੀ ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਸਤਿਕਾਰਯੋਗ ਪਿਤਾ ਬਾਪੂ ਤਰਸੇਮ ਸਿੰਘ ਜੀ ਅਤੇ ਹੋਰ ਬੇਅੰਤ ਪਤਵੰਤੇ ਹਾਜਰ ਸਨ। ●●

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ

# ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਸੰਗਤਾਂ ਹੋਈਆਂ ਨਤਮਸਤਕ

**ਧਾਰਮਿਕ ਸਮਾਗਮ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਵੰਤ ਸਿੰਘ ਐਨੋਕੋਟ ਵੱਲੋਂ ਆਈਆਂ ਸੰਗਤਾਂ ਨਾਲ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰਾਂ ਕੀਤੀਆਂ। ਉਨ੍ਹਾ ਕਿਹਾ ਕਿ ਗੁਰੂ ਸਾਹਿਬ ਨੇ ਹੱਕ, ਸੱਚ ਦੀ ਖ਼ਾਤਰ ਆਪਣੀ ਸ਼ਹਾਦਤ ਦਿੱਤੀ ਅਤੇ ਜਬਰ ...**







**ਅੰਮ੍ਰਿਤਸਰ, 10 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਥੇ ਸਥਿਤ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਨਿਰਮਲਜੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਭਾਈ ਸੁਖਦੇਵ ਸਿੰਘ ਵੱਲੋਂ ਕੀਤੀ ਗਈ ਅਰਦਾਸ ਉਪਰੰਤ ਪਾਵਨ ਹੁਕਮਨਾਮਾ ਆਈਆਂ ਸੰਗਤਾਂ ਨੂੰ ਭਾਈ ਨਿਰਮਲ ਸਿੰਘ ਨੇ ਸਰਵਣ ਕਰਵਾਇਆ। ਇਸ ਧਾਰਮਿਕ ਸਮਾਗਮ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਵੰਤ ਸਿੰਘ ਐਨੋਕੋਟ ਵੱਲੋਂ ਆਈਆਂ ਸੰਗਤਾਂ ਨਾਲ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰਾਂ ਕੀਤੀਆਂ। ਉਨ੍ਹਾ ਕਿਹਾ ਕਿ ਗੁਰੂ ਸਾਹਿਬ ਨੇ ਹੱਕ, ਸੱਚ ਦੀ ਖ਼ਾਤਰ ਆਪਣੀ ਸ਼ਹਾਦਤ ਦਿੱਤੀ ਅਤੇ ਜਬਰ ਦਾ ਮੁਕਾਬਲਾ ਕਰਨ ਵਾਸਤੇ ਮਾਨਵਤਾ ਨੂੰ ਭੈਅ ਮੁਕਤ ਕੀਤਾ। ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਅਪੀਲ ਵੀ ਕੀਤੀ। ਇਸ ਮੌਕੇ ਮੈਨੇਜਰ ਸ. ਹਰਪ੍ਰੀਤ ਸਿੰਘ, ਮੀਤ ਮੈਨੇਜਰ ਸ. ਜਸਬੀਰ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ। ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਵੱਡੀ ਗਿਣਤੀ ਵਿਚ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਸਮੇਤ ਇਥੇ ਸਥਿਤ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਵੀ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ। ਇਸ ਦੌਰਾਨ ਸ਼ਰਧਾਲੂ ਬੜੀ ਸ਼ਰਧਾ-ਭਾਵਨਾ ਨਾਲ ਆਏ ਅਤੇ ਗੁਰੂ ਘਰ ਇਸ਼ਨਾਨ ਕਰ ਆਪਣੇ ਆਪ ਖੁਸ਼ ਕਿਸਮਤ ਸਮਝ ਰਹੇ ਹਨ।

### ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਦਿੱਤਾ ਸੰਦੇਸ਼

**ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ** ਨੇ ਸੰਗਤ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਕਿ ਅੱਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਹੈ ਅਤੇ ਸਾਨੂੰ ਗੁਰੂ ਸਾਹਿਬ ਦੇ ਦਰਸਾਏ ਹੋਏ ਮਾਰਗ 'ਤੇ ਚੱਲਣ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਮੌਕੇ ਸੰਗਤਾਂ ਨੂੰ ਆਪਣੇ ਨਜ਼ਦੀਕੀ ਗੁਰੂ ਘਰਾਂ ਵਿੱਚ ਜਾ ਕੇ ਨਤਮਸਤਕ ਹੋ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਮੈਟ੍ਰਿਕ ਅਤੇ ਪਲੱਸ ਟੂ ਵਿੱਚ ਟਾਪ ਕਰਨ ਵਾਲੇ

# ਹੋਣਹਾਰ ਵਿਦਿਆਰਥੀਆਂ ਨੂੰ ਮਦਨ ਕੋਚਿੰਗ ਸੈਂਟਰ ਵਿਖੇ ਕੀਤਾ ਸਨਮਾਨਿਤ



**ਚੌਕ ਮਹਿਤਾ, 10 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੀਬੀਐਸਈ ਅਤੇ ਆਈਸੀਐਸਈ ਬੋਰਡਾਂ ਵਿੱਚੋਂ ਦਸਵੀਂ ਅਤੇ ਪਲੱਸ ਟੂ ਵਿੱਚ ਟਾਪ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਮੈਡਲ ਅਤੇ ਹੋਰ ਚੀਜ਼ਾਂ ਦੇ ਕੇ ਉਤਸ਼ਾਹਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋਚਿੰਗ ਡਾਇਰੈਕਟਰ ਪ੍ਰਿੰਸ ਮਹਾਜਨ ਨੇ ਦੱਸਿਆ ਕਿ ਉਨ੍ਹਾਂ ਨੇ 2012 ਵਿੱਚ ਲੋੜਵੰਦ ਬੱਚਿਆਂ ਦੀ ਚੰਗੀ ਸਿੱਖਿਆ ਲਈ ਟਿਊਸ਼ਨ ਸੈਂਟਰ ਖੋਲ੍ਹਿਆ ਸੀ, ਜਿਸ ਵਿੱਚ ਲੋੜਵੰਦ ਬੱਚਿਆਂ ਨੂੰ ਬਹੁਤ ਘੱਟ ਰੇਟ 'ਤੇ ਚੰਗੀ ਸਿੱਖਿਆ ਦਿੱਤੀ ਜਾਂਦੀ ਹੈ, ਇਸ ਤੋਂ ਇਲਾਵਾ ਜੇਕਰ ਕੋਈ ਵਿਦਿਆਰਥੀ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਮੁਫਤ ਸਿੱਖਿਆ ਦਾ ਵੀ ਪ੍ਰਬੰਧ ਹੈ। ਉਸ ਦਾ ਕਹਿਣਾ ਹੈ ਕਿ ਜੇਕਰ ਦੇਸ਼ ਨੂੰ ਮਜ਼ਬੂਤ ਬਣਾਉਣਾ ਹੈ ਤਾਂ ਵੱਧ ਤੋਂ ਵੱਧ ਬੱਚਿਆਂ ਨੂੰ ਸਿੱਖਿਅਤ ਕਰਨਾ ਹੋਵੇਗਾ।

ਇਸ ਲਈ ਕੋਈ ਵੀ ਬੱਚਾ ਵਿੱਤੀ ਜਾਂ ਕਿਸੇ ਹੋਰ ਕਾਰਨ ਕਰਕੇ ਪੜ੍ਹਾਈ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ, ਚਾਹੇ ਉਹ ਕਿਸੇ ਵੀ ਬੋਰਡ ਤੋਂ ਪੜ੍ਹ ਰਿਹਾ ਹੋਵੇ। ਇਸੇ ਲੜੀ ਤਹਿਤ ਉਨ੍ਹਾਂ ਦੀ ਕੋਚਿੰਗ ਸਦਕਾ ਇਸ ਸਾਲ ਟਾਪ ਕਰਨ ਵਾਲੇ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪਾਰਸ ਚਾਵਲਾ, ਸੁਨੀਤਾ ਨਾਗਪਾਲ ਅਤੇ ਰਿਤੂ ਅਰੋੜਾ ਆਦਿ ਅਧਿਆਪਕ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਜੀ ਪਿੰਡ ਵੱਲੀਆਂ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ




**ਵੱਲੀਆਂ, 10 ਜੂਨ (ਆਵਾਜ਼ਿ ਕੌਮ ਬਿਊਰੋ)**-ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਸਾਹਿਬ ਜੀ ਪਿੰਡ ਵੱਲੀਆਂ ਵਿਖੇ ਸਹਿਜ ਪਾਠ ਦੇ ਭੋਗ ਉਪਰੰਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ । ਇਸ ਮੌਕੇ ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਪ੍ਰਧਾਨ ਧਾਰਮਿਕ ਵਿੰਗ ਬਾਬਾ ਸਤਨਾਮ ਸਿੰਘ ਜੀ ਵੱਲੀਆਂ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਅਮ੍ਰਿੰਤ ਵੇਲੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਬਾਬਾ ਸਤਨਾਮ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਤਿਹਾਸ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਰਾਹੀਂ ਸਾਂਝਾ ਕੀਤਾ। ਇਸ ਮੌਕੇ ਸੰਗਤਾਂ ਦੇ ਸਹਿਯੋਗ ਨਾਲ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਅਤੇ ਆਉਂਦੀਆਂ ਜਾਂਦੀਆਂ ਸੰਗਤਾਂ ਨੇ ਠੰਢੇ ਮਿੱਠੇ ਜਲ ਛਕ ਕੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ। ਇਸ ਮੌਕੇ ਬਾਬਾ ਸਤਨਾਮ ਸਿੰਘ ਵੱਲੀਆਂ ਤੋਂ ਇਲਾਵਾ ਬਾਬਾ ਅਰੂੜ ਸਿੰਘ, ਸਰਬਜੀਤ ਸਿੰਘ, ਹਰਜੱਸ ਦੀਪ ਸਿੰਘ ਅਤੇ ਗੁਰਜੀਤ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸੱਚਖੰਡ ਸ੍ਰੀ ਹਜੂਰ ਸਾਹਿਬ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



**ਚੌਕ ਮਹਿਤਾ, 10 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਸੱਚਖੰਡ ਸ੍ਰੀ ਹਜੂਰ ਸਾਹਿਬ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਇਸ ਮੌਕੇ ਗੁਰਦਆਰਾ ਸੱਚਖੰਡ ਬੋਰਡ ਦੇ ਪ੍ਰਧਾਨ ਸ੍ਰ ਵਿਜੇ ਸਤਬੀਰ ਸਿੰਘ ਸਾਬਕਾ (ਆਈ ਏ ਐਸ),ਨੇ ਕਿਹਾ ਕਿ ਕੁਰਬਾਨੀਆਂ ਦੇ ਸਿਰਤਾਜ ਕੋਈ ਹੋਰ ਨਹੀਂ ਬਲਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਹਨ ਜਿਨ੍ਹਾਂ ਨੇ ਮਾਨਵਤਾ ਦੀ ਰੱਖਿਆ ਲਈ ਆਪਣੇ ਆਪ ਨੂੰ ਹੱਸ ਕੇ ਕੁਰਬਾਨ ਕਰ ਦਿੱਤਾ ਸੀ ਇਸ ਮੌਕੇ ਸੁਪਰੀਡੇਂਟ ਰਾਜਦਵਿੰਦਰ ਸਿੰਘ, ਰਹਿਰਾਸੀਆ ਪਰਮਵੀਰ ਸਿੰਘ, ਜਸਵੰਤ ਸਿੰਘ ਬੌਬੀ ਨੇ ਸੰਗਤਾ ਲਈ ਠੰਡੇ ਮਿੱਠੇ ਜਲ ਦੀ ਛਬੀਲ ਵਰਤਾ ਕੇ ਸੇਵਾ ਕੀਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV


ਸ਼ਹੀਦ ਭਾਈ ਸਰਵਣ ਸਿੰਘ
ਜੀ ਵਾੜਾ ਸ਼ੇਰ ਸਿੰਘ
ਜੂਨ 1984 ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜੂਝ ਕੇ ਸ਼ਹਾਦਤ ਪਾਉਣ ਵਾਲੇ ਨਗਰ ਵਾੜਾ ਸ਼ੇਰ ਸਿੰਘ ਤੋਂ ਸ਼ਹੀਦ ਭਾਈ ਸਰਵਣ ਸਿੰਘ ਜੀ ਅਤੇ ਸਮੂਹ ਸ਼ਹੀਦਾਂ ਸਿੰਘਾਂ ਦੀ ਯਾਦ ਵਿੱਚ ਮਹਾਨ ਸ਼ਹੀਦੀ ਜੋੜ
ਮਿਤੀ 12-06-2024 ਦਿਨ ਬੁੱਧਵਾਰ ਨੂੰ ਗੁਰਦੁਆਰਾ ਧੰਨ ਧੰਨ ਬਾਬਾ ਬੀਰ ਸਿੰਘ ਜੀ ਵਿਖੇ ਮਨਾਇਆ ਜਾ ਰਿਹਾ ਹੈ ।
ਪਹੁੰਚ ਰਹੇ ਸੰਤ ਮਹਾਂਪੁਰਖ
ਸੰਤ ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲੇ
ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਾਰੀ ਪੰਜਾਬ ਪ੍ਰਧਾਨ
ਸੰਤ ਬਾਬਾ ਜਸਵੰਤ ਸਿੰਘ ਜੀ ਸੋਢੀ ਆਸਲ ਉਤਾੜ ਵਾਲੇ
ਸੰਤ ਬਾਬਾ ਬਲਵਿੰਦਰ ਸਿੰਘ ਜੀ ਮਾੜੀ ਕੰਬੋਕੇ
ਢਾਡੀ ਜਥਾ ਬੀਬੀ ਦਲੇਰ ਕੌਰ ਜੀ
ਸੰਤ ਬਾਬਾ ਭੁਪਿੰਦਰ ਸਿੰਘ ਜੀ ਸਦਰਵਾਲ
ਸੰਤ ਬਾਬਾ ਪ੍ਰਤਾਪ ਸਿੰਘ ਜੀ ਗੋਬਿੰਦ ਬਾਗ ਵਾਲੇ
ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਹੀਦੀ ਜੋੜ ਮੇਲੇ ਵਿੱਚ ਸਭ ਸੰਗਤਾਂ ਪਰਿਵਾਰਾਂ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ
ਬੇਨਤੀ ਕਰਤਾ : ਦਾਸਰੇ
ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਜੂਨ 1984
ਗੁਰੂ ਕਾ ਲੰਗਰ ਅਤੁੱਟ ਵਰਤੇਗਾ।
Live
ਆਵਾਜ਼ਿ ਕੌਮ
AWAZE QAUM
International Newspaper & WEB TV